ਬਿਨ ਆਗਜ਼ਾ ਕਵੀ ਵੀ ਕੋਈ ਨਾ ਛਾਪੇ

ਨਵੀਨ

G-727

ਦੁਰਗਾ ਪ੍ਰਬੋਧ

ਜਿਸਨੂੰ

ਗਜ਼ਾਨੀ ਬਿਸ਼ਨ ਸਿੰਘ ਜੀ ਨੈ ਬਹੁਤ
ਮਿਹਨਤ ਨਾਲ ਅਨੇਕ ਗੁਰ ਘਰ ਦੇ
ਪੁਸਤਕਾਂ ਵਿਚੋਂ ਸੰਗ੍ਰਹ ਕੀਤਾ

ਭਾਃ ਚਰ੍ ਸਿੰਘ ਜੀਵਣਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ
ਅਮ੍ਰਿਤਸਰ ਨੇ ਛਪਵਾਯਾ

ਮਈ ੧੯੧੦

ਭਾਈ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੈਸ ਅਮ੍ਰਿਤਸਰ ਵਿਚ ਛਪਾ

ਪਹਿਲੀ ਵਾਰ ੧੦੦੦ ਭੇਟਾ ॥)

ਮੰਗਲ

੧ ਓ ਸ੍ਰੀ ਵਾਹਿਗੁਰੂ ਜੀਕੀ ਫਤੇ ॥

ਦੋਹਰਾ

ਜਿਹ ਗੁਰ ਨਿਜ ਸਰਬੰਸ ਦੇ ਲੀਨੋ ਜਗਤ ਉਬਾਰ।
ਤਿਹ ਗੁਰਕੋ ਪਗ ਬੰਦਨਾ ਬਿਸ਼ਨ ਸਿੰਘ ਕਰ ਧਾਰ।

ਨਰਾਜ ਛੰਦ ॥

ਸੁ ਸਾਜ ਪੰਥ ਖਾਲਸਾ ਬਿਸਾਲਸਾ ਜਹਾਨ ਮੇਂ। ਹਿਦਾਨ ਪਾਲਨਾ ਕਰੀ ਬਚਾਇ ਲੈ ਤੁਕਾਨ ਮੇਂ। ਉਡਾਇ ਪੌਨ ਬਾਰਦੰ ਮਲੇਛ ਪੁੰਜ ਤੰਜਲੰ। ਗੁਰੂ ਗੋਬਿੰਦ ਸਿੰਘ ਕੇ ਨਮਾਮ ਪਾਦ ਮੰਜਲੰ। ਪਪੀਲਕਾ ਮ੍ਰਿਗਿੰਦ ਕੀਨ ਸਾਜ ਪੰਥ ਖਾਲਸਾ। ਸੁਧਾ ਛਕਾਇ ਸਿਖਨੰ ਨਿਹਾਲ ਕੈ ਬਿਸਾਲਸਾ। ਨਵਾਇ ਖਾਨ ਦਾਨ ਸੋ ਅਗਾ ਰ ਮਦ ਹੰਜਲੰ। ਗੁਰੂ ਗੋਬਿੰਦ ਸਿੰਘਕੇ ਨਮਾਮ ਪਾਦ ਮੰਜਲੰ ॥

ਅਨੰਗ ਸੇਖਰ ਛੰਦ

ਸੁ ਹਾਥ ਰਾਖ ਮਾਥ ਤੇ ਅਨਾਥ ਮੈਂ ਸਨਾਥ ਕੀਨ ਗਾਥ ਏ ਪ੍ਰਸਿਧ ਸਾਥ ਤਾਰ ਦੀਨ ਹਿੰਦ ਕੋ। ਸੁ ਤੁੱਛ ਤੇ ਬਲੰਦ ਕੀਨ ਗੀਧ ਤੇ ਮ੍ਰਿਗਿੰਦ ਕੀਨ ਨੀਚ ਤੇ ਸੁਹਿੰਦ ਕੀਨ ਦਾਸ ਜਾਨ ਬ੍ਰਿੰਦ ਕੋ। ਇਤੋ ਸੁ ਕਾਜ ਕੀਨ ਹੈ ਭਿਛੰ ਸੁ ਰਾਜ ਦੀਨ ਹੈ ਚਿਰੀਨ ਬਾਜ ਕੀਨ ਹੈ ਮਿਟਾਇ ਦੁਖ ਇੰਦ ਕੋ। ਉਭੈ ਸੁ ਹਾਥ ਬੰਦ ਕੈ ਅਨਾਥ ਮੈਂ ਹਰੀ ਮ੍ਰਿਗਿੰਦ ਸ੍ਰੀ ਗੁਬਿੰਦ ਸਿੰਘ ਕੋ ਨਮੋ ਪਦਾਰ ਬਿੰਦ ਕੋ ॥

ਦੋਹਰਾ

ਸੰਮਤ ਰਸ ਰਿਤੁ ਨਿਧਿ ਸਸੀ ਸਸੀਵਾਰ ਤਿਥਿ ਚਾਰ।
ਸ਼ੁਕਲ ਪੱਖ ਕਤਕ ਤ੍ਰਿਤੀ ਰੀਥ ਲਿਯੋ ਅਵਤਾਰ।
ਸੰਤ ਸਿੰਘ ਗੁਰਕੋ ਨਮੋ ਧਰ ਧਰ ਧਰ ਕਰ ਆਜ।

ਜਿਨਕੇ ਚਰਨ ਪ੍ਰਤਾਪ ਤੇ ਭ੍ਰਮੋ ਸੁ ਮੈਂ ਕਵਿਰਾਜ।
ਸ੍ਰੀ ਅੰਮ੍ਰਿਤਸਰ ਨਗਰ ਵਰ ਖਾਲਸ ਕਾਲਜ ਜੋਇ।
ਆਜ ਕਾਲ ਅਬ ਤਿਸ ਜਗਾ ਅਨ ਜਲ ਲਜਾਯੋ ਮੋਹਿ।
ਮੂਰਖ ਅੰਤ ਨਰ ਜਗਤ ਮਹਿ ਚੰਚਕ ਜਾਹਿ ਨ ਹੋਸ਼।
ਦੁਰਗਾ ਪਰਗਟ ਕਹੀ ਹੈ ਗੁਰ ਕੋ ਲਾਯੋ ਦੋਸ਼।

ਸਵੈਯਾ

ਪੂਰਬ ਜੋ ਹਮਰੇ ਕਵਿ ਕੋਵਿਦ ਤਾਨੇ ਜੋ ਹੈ ਗੁਰਕੋ ਯਸੁ ਗਾਯੋ
ਸੋਚੇਬਿਚਾਰੇ ਬਿਨਾਂਹੀ ਮਨੋਕਤਿ ਮਾਖੀ ਤੇ ਮਾਖੀਕੋਮਾਰਦਿਖਾਯੋ
ਥੋ ਗੁਰ ਕੋ ਜਸ ਅੰਮ੍ਰਿਤਕੇ ਸਮ ਤਾਂਹਿ ਕੇ ਬੀਚਹਲਾਹਲਪਾਯੋ।
ਥੋ ਗੁਰਕੋ ਘਰ ਦਾਗਬਿਨਾਂ ਪੁਨ ਤਾਹਿਕੋ ਤਾਨੇਕਲੰਕ ਲਗਾਯੋ।

ਪੁਨਾ

ਐਸਾ ਨਹੀ ਕਛੁ ਮੂਰਖਥੇ ਜੁ ਸਗੋਂ ਹਮਸੇ ਵਹਿ ਸੌ ਗੁਨ ਵੰਤਾ।
ਪ੍ਰੇਮ ਭਰੋਸਕੇ ਪੂਰਨ ਬੋਹਥ ਘੋਖਕੇ ਪੁੰਜ ਪੜ੍ਹੇ ਵਹਿ ਸੰਥਾ।
ਹਿੰਦੂ ਪੁਰਾਨਨ ਕੇ ਮਤ ਮੇਂ ਪੜ ਆਪਖਰਾਬ ਕਰੇ ਨਿਜ ਗ੍ਰੰਥਾ।
ਮਾਧਵਕੇਸਰਿ ਹਿੰਦਨਰਾਜਨ ਤਾਹਿ ਲਿਹਾਜ ਪਰੇ ਵਹਿ ਪੰਥਾ ॥

ਪੁਸਤਕ ਦਾ ਅਰੰਭ

ਇਕ ਦਿਨ ਮੈਂ ਇਕ ਰਸਤੇ ਵਿਚ ਤੁਰਿਆ ਜਾਂਦਾ ਸਾਂ ਤਾਂ ਇਕ ਦੁਰਗਾ ਦਾ ਭਗਤ ਤਾਂ ਇਕ ਗੁਰੂ ਦਾ ਸਿੰਘ ਆਪੋ ਵਿਚ ਦੀ ਲੜਦੇ ਜਾਣ ਪਰ ਮੈਨੂੰ ਉਹਨਾਂ ਦੀ ਲੜਾਈ ਵਿਚੋਂ ਬਹੁਤ ਲਾਭ ਹੋਇਆ ਸੋ ਉਹ ਏਹ ਸੀ

ਦੁਰਗਾ ਭਗਤ

ਮੈਂ ਸੁਣਿਆਂ ਹੈ ਭਾਈ ਜੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਦਾ ਅਰਾਧਨ ਕੀਤਾ ਹੈ ਪਰ ਅਜਕਲਦੇ ਨਵੇਂ ਸਿਖ ਦੇਵੀ ਨੂੰ ਗਾਲਾਂ ਕਢਦੇ ਹਨ ਏਹ ਕੀਕੂੰ ਭਲ ਹੈ

ਗੁਰੂ ਦਾ ਸਿੰਘ

ਦੇਵੀ ਤਾਂ ਗੁਰੂ ਨਾਨਕ ਸਾਹਿਬ ਜੀ ਦਾ ਦਰਵਾਜ਼ਾ

ਸੁਹਾਰ ਦੀ ਰਹੀ ਹੈ ਤਾਂ ਦਸਮ ਪਾਤਸ਼ਾਹ ਨੇ ਉਸਨੂੰ ਕੀਕੂੰ ਅਰਾਧਿਆ? ਤੁਹਾਡੀ ਅਕਲ ਤੇ ਪੜਦਾ ਪਿਆ ਹੋਯਾ ਹੈ।।

ਦੁਰਗਾ ਭਗਤ

ਮੈਂ ਰੋਜ ਹੀ ਸੁਣਦਾ ਹਾਂ ਕਿ ਅਰਦਾਸ ਦੇ ਵਕਤ ਪਹਲੇ ਦੇਵੀ ਦਾ ਨਾਮ ਲਿਆ ਜਾਂਦਾਹੈ ਸੋ ਗੁਰੂ ਗੋਬਿੰਦ ਸਿੰਘ ਜੀਦਾ ਆਪਣਾ ਕਥਨ ਹੈ

"ਪ੍ਰਥਮ ਭਗਉਤੀ ਸਿਮਰ ਕੈ ਗੁਰਨਾਨਕ ਲਈ ਧਿਆਇ"

ਤਤ ਖਾਲਸਾ

ਓਹ ਬੌਰਿਆ ਇਹ ਤੂੰ ਦੇਵੀ ਸਮਝ ਬੈਠਾ ਹੈਂ ਵੇਖ ਗੁਰੂ ਗ੍ਰੰਥ ਸਾਹਿਬ ਆਦਿ ਵਿਚ ਕੀ ਆਖਦੇ ਹਨ

ਸ੍ਰੀਰਾਗ ਵਾਰ ਮਾਝ

ਸੋ ਭਗਉਤੀ ਜੋ ਭਗਵੰਤੈ ਜਾਣੈ ਗੁਰ ਪਰਸਾਦੀਆਪ ਪਛਾਣੈ
ਧਾਵਤ ਰਾਖੈ ਇਕਤੁ ਘਰ ਆਣੈ ਜੀਵਤ ਮਰੈਹਰਿਨਾਮ ਵਖਾਣੈ
ਐਸਾ ਭਗਉਤੀ ਉਤਮ ਹੋਇ। ਨਾਨਕ ਸਚ ਸਮਾਵੈ ਸੋਇ।

ਦੁਰਗਾ ਭਗਤ

ਭਲਾ ਭਾਈ ਜੀ ਏਹ ਨਹੀਂ ਮੰਨਦੇ ਤਾਂ ਹੋਰ ਸੁਣੋ ਕਿਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਦਾ ਪੰਥ ਰਚਨ ਵਾਲੇ ਹਨ ਓਹਨਾਂ ਨੇ ਜੋ ਗੁਰੂ ਗ੍ਰੰਥ ਸਾਹਿਬ ਦਸਮ ਬਣਾਇਆ ਹੈ ਉਸ ਵਿਚ ਚੰਡੀ ਚਰਿਤ੍ਰ ਰਚਿਆ ਹੈ ਉਸ ਵਿਚ ਦੇਵੀ ਦੀ ਉਸਤਤ ਗੁਰੂ ਜੀ ਨੇ ਐਉਂ ਕੀਤੀ ਹੋਈ ਹੈ॥

ਕਬਿਤ ॥ ਪ੍ਰਥਮ ਮਧਕੈਟ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤੁਰਨ ਬਰ ਬੰਡਕਾ। ਧੂਮ੍ਰ ਦ੍ਰਿਗ ਧਰਨ ਧਰ ਧੂਰ ਧਾਨੀ ਕਰਨ ਚੰਡ ਅਰ ਮੁੰਡ ਕੇ ਮੁੰਡ ਖੰਡ ਖੰਡਕਾ। ਰਕਤ ਬੀਰਜ ਹਰਨ ਰਕਤ ਭੱਛਨ ਕਰਨ ਦਰਨ ਅਨਿ ਸੁੰਭ ਰਨ ਰਾਰਿ ਰਿਸ ਮੰਡਕਾ। ਸੁੰਭ ਬਲ ਧਾਰ ਸੰਘਾਰ ਕਰ ਵਾਰ ਕਰ ਸਕਲ ਖਲ ਅਸੁਰ ਦਲੁ ਜੈਤੁ ਜੈ ਚੰਡਕਾ॥ ਪੁਨਾ ੨੩੦ ਸ੍ਰਜਾ

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੈ ਕਬਹੂੰ ਨ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.